**PRESS MONITOR**

Publication : Akali Patrika
Edition : Ludhiana
Date : July 15, 2017

# ਮੂਨਬੋ ਨੇ ਕਿਫਾਇਤੀ ਕੀਮਤ ਵਾਲੇ ਅਲਫੀਅਸ ਵਾਟਰ ਪਿਓਰੀਫ਼ਾਇਰ ਨੂੰ ਲਾਂਚ ਕਰਕੇ ਆਪਣੇ ਉਤਪਾਦ ਪੋਰਟਫੋਲੀਓ ਨੂੰ ਮਜ਼ਬੂਤ ਕੀਤਾ

ਲੁਧਿਆਣਾ, 14 ਜੁਲਾਈ- ਮਸ਼ਹੂਰ ਬ੍ਰਾਂਡ ਹਿੰਡਵੇਅਰ ਦੇ ਨਿਰਮਾਤਾ ਐਚ.ਐਸ.ਆਈ.ਐਲ ਲਿਮਿਟੇਡ ਦੇ ਬ੍ਰਾਂਡ ਮੂਨਬੋ ਨੇ ਕਿਫਾਇਤੀ ਕੀਮਤ ਵਾਲੇ ਅਤੇ ਬਿਹਤਰੀਨ ਢੰਗ ਨਾਲ ਤਿਆਰ ਕੀਤੇ ਗਏ ਅਲਫੀਅਸ ਵਾਟਰ ਪਿਓਰੀਫ਼ਾਇਰ ਦੀ ਲਾਂਚ ਨਾਲ ਵਾਟਰ ਪਿਓਰੀਫ਼ਾਇਰ ਦੇ ਆਪਣੇ ਉਤਪਾਦ ਪੋਰਟਫੋਲੀਓ ਨੂੰ ਵਿਕਸਿਤ ਕੀਤਾ। ਇਹ ਵਾਟਰ ਪਿਓਰੀਫ਼ਾਇਰ 9,990/- ਰੁਪਏ ਦੀ ਕੀਮਤ ਵਿੱਚ ਪੰਜ-ਸਟੇਜ ਪਿਓਰੀਫੀਕੇਸ਼ਨ ਪ੍ਰੋਸੇਸ ਅਤੇ ਮਿਨਰਲ ਫੋਰਟੀਫੀਕੇਸ਼ਨ ਵਰਗੀਆਂ ਆਧੁਨਿਕ ਤਕਨੀਕੀ ਵਿਸ਼ੇਸ਼ਤਾਵਾਂ ਨਾਲ ਉਪਲਬਧ ਹੈ। ਸੁੰਦਰ ਢੰਗ ਨਾਲ ਤਿਆਰ ਕੀਤੇ ਗਏ ਅਲਫੀਅਸ ਵਾਟਰ ਪਿਓਰੀਫ਼ਾਇਰ ਨੂੰ ਰਸੋਈ ਦੀ ਸੁੰਦਰਤਾ ਨੂੰ ਇਸਦੀ ਸੁੰਦਰ ਬੌਡੀ ਨਾਲ ਹੋਰ ਵਧਾਉਣ ਲਈ ਤਿਆਰ ਕੀਤਾ ਗਿਆ ਹੈ। ਐਚ.ਐਸ.ਆਈ.ਐਲ ਲਿਮਿਟੇਡ ਨੇ ਅਗਸਤ 2016 ਵਿੱਚ ਮੂਨਬੋ ਵਾਟਰ ਪਿਓਰੀਫ਼ਾਇਰ ਦੀ ਲਾਂਚ ਨਾਲ ਵਾਟਰ ਪਿਓਰੀਫਿਕੇਸ਼ਨ ਦੇ ਸੈਗਮੈਂਟ ਵਿੱਚ ਕਦਮ ਰੱਖਿਆ ਸੀ। ਹੁਣ ਤੱਕ 9,990/- ਰੁਪਏ ਤੋਂ ਲੈ ਕੇ 21,490/- ਰੁਪਏ ਦੀ ਕੀਮਤ ਤੱਕ ਚਾਰ ਵੱਖ-ਵੱਖ ਮਾਡਲ ਕੰਪਨੀ ਦੁਆਰਾ ਪੇਸ਼ ਕੀਤੇ ਜਾ ਚੁੱਕੇ ਹਨ। ਮੂਨਬੋ ਵਾਟਰ ਪਿਓਰੀਫਾਇਰ ਰਿਟੇਲ ਟ੍ਰੇਡ ਬਜਾਰਾਂ ਅਤੇ ਕਰੋਮਾ, ਰਿਲਾਇੰਸ ਡਿਜਿਟਲ ਅਤੇ ਮੈਟ੍ਰੋ ਆਦਿ ਵਰਗੇ ਬ੍ਰਿਕ-ਐਨ-ਮੋਰਟਰ ਆਊਟਲੇਟਾਂ ਦੇ ਨਾਲ-ਨਾਲ ਐਮੇਜਨ, ਫਲਿੱਪਕਾਰਟ, ਸਨੈਪਡੀਲ ਆਦਿ ਵਰਗੇ ਈ-ਕਮਰਸ ਮੰਚਾਂ ਤੇ ਉਪਲਬਧ ਹੈ।



ਮੂਨਬੋ ਵਾਟਰ ਪਿਓਰੀਫ਼ਾਇਰਾਂ ਤੇ ਇੱਕ ਸਾਲ ਦੀ ਵਰੰਟੀ ਦਿੰਦਾ ਹੈ ਅਤੇ ਅਨੋਖੀ ਆਫਟਰ-ਸੇਲਜ਼-ਸਰਵਿਸ ਪ੍ਰਦਾਨ ਕਰਦਾ ਹੈ ਜੋ ਕਿ ਵਾਟਰ ਪਿਓਰੀਫ਼ਾਇਰ ਲਗਵਾਉਣ ਵਾਲੇ ਉਪਭੋਗਤਾ ਦੇ ਘਰ ਤੋਂ ਪ੍ਰੀ-ਸੇਲਜ਼ ਡੈਮੋ ਦੇਣ ਤੋਂ ਬਾਅਦ ਸ਼ੁਰੂ ਹੁੰਦੀ ਹੈ। ਸ਼੍ਰੀ ਰਾਕੇਸ਼ ਕੌਲ, ਪ੍ਰੇਜੀਡੈਂਟ, ਕੰਜਿਊਮਰ ਬਿਜਨਸ, ਐਚ.ਐਸ.ਆਈ.ਐਲ ਲਿਮਿਟੇਡ ਨੇ ਕਿਹਾ, "ਜਦੋਂ ਸਾਫ਼ ਪਾਣੀ ਪੀਣ ਦੀ ਗੱਲ ਹੁੰਦੀ ਹੈ ਤਾਂ ਭਾਰਤ ਨੂੰ ਬਹੁਤ ਸਾਰੀਆਂ ਚੁਨੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਲਫੀਅਸ ਦੀ ਲਾਂਚ ਨਾਲ ਅਸੀਂ ਆਪਣੇ ਉਪਭੋਗਤਾਵਾਂ ਨੂੰ ਇੱਕ ਸੁੰਦਰ ਡਿਜਾਇਨ ਅਤੇ ਕਿਫਾਇਤੀ ਕੀਮਤ ਵਿੱਚ ਆਰ.ਓ, 1800 ਪੀ.ਪੀ.ਐਮ ਤੱਕ ਟੀ.ਡੀ.ਐਸ ਰਿਮੂਵਲ ਅਤੇ ਪਾਵਰ, ਪਿਓਰੀਫਿਕੇਸ਼ਨ ਅਤੇ ਟੈਂਕਫੁਲ ਲਈ ਐਲ.ਈ.ਡੀ ਇੰਡੀਕੇਟਰ ਵਰਗੀਆਂ ਆਧੁਨਿਕ ਵਿਸ਼ੇਸ਼ਤਾਵਾਂ ਦਾ ਇਸਤੇਮਾਲ ਕਰਨ ਦਾ ਮੌਕਾ ਦੇ ਰਹੇ ਹਾਂ।